# ਪੈਰਿਫ਼ਿਰਲ ਨਸ ਬਲੌਕ

ਇਹ ਪਰਚਾ ਦਸਦਾ ਹੈ ਕਿ ਜਦੋਂ ਤੁਹਾਡਾ ਨਸ ਬਲੌਕ ਦੇ ਨਾਲ ਆਪਰੇਸ਼ਨ ਹੁੰਦਾ ਹੈ ਤਾਂ ਕੀ ਆਸ ਕੀਤੀ ਜਾ ਸਕਦੀ ਹੈ। ਇਹ ਐਨੱਸਥੀਟਿਸਟਾਂ, ਮਰੀਜ਼ਾਂ ਅਤੇ ਮਰੀਜ਼ਾਂ ਦੇ ਨੁਮਾਇੰਦਿਆਂ ਦੁਆਰਾ ਇਕੱਠੇ ਮਿਲ ਕੇ ਲਿਖਿਆ ਗਿਆ ਹੈ।

## ਵਿਸ਼ਾ-ਸੂਚੀ

ਇਹ ਪਰਚਾ ਦੱਸਦਾ ਹੈ:

- ਨਸ ਬਲੌਕ ਕੀ ਹੁੰਦਾ ਹੈ?
- ਆਪਣੇ ਆਪਰੇਸ਼ਨ ਵਿੱਚ ਤੁਹਾਨੂੰ ਇਹ ਲੈਣ ਤੋਂ ਕਿਉਂ ਫਾਇਦਾ ਹੋ ਸਕਦਾ ਹੈ?
- ਇਹ ਕਿਵੇਂ ਕੰਮ ਕਰਦਾ ਹੈ?
- ਇਸ ਨੂੰ ਲੈਣ ਤੋਂ ਬਾਅਦ ਕੀ ਹੁੰਦਾ ਹੈ
- ਜੋਖਮ ਅਤੇ ਸਾਂਝੇ ਫੈਸਲੇ ਲੈਣਾ

## ਨਸ ਬਲੌਕ ਦੇ ਬਾਰੇ

ਨਸਾਂ ਦੇ ਬਲੌਕ ਉਹ ਐਨੱਸਥੈਟਿਕ ਟੀਕੇ ਹਨ ਜੋ ਸਰੀਰ ਦੇ ਇੱਕ ਖਾਸ ਹਿੱਸੇ ਦੀ ਸਪਲਾਈ ਕਰਦੀਆਂ ਨਸਾਂ ਨੂੰ ਸੁੰਨ ਕਰਨ ਲਈ ਦਿੱਤੇ ਜਾਂਦੇ ਹਨ, ਉਦਾਹਰਨ, ਇੱਕ ਬਾਂਹ, ਇੱਕ ਹੱਥ, ਜਾਂ ਇੱਕ ਲੱਤ ਜਾਂ ਪੈਰ। ਸਥਾਨਕ ਐਨੱਸਥੈਟਿਕ ਟੀਕਾ ਦਰਦ ਦੇ ਸੰਕੇਤਾਂ ਨੂੰ ਰੋਕਦਾ ਹੈ ਅਤੇ ਸਰੀਰ ਦੇ ਹਿੱਸੇ ਨੂੰ ਸੁੰਨ ਅਤੇ ਸਥਿਰ ਬਣਾਉਂਦਾ ਹੈ, ਹਾਲਾਂਕਿ ਤੁਸੀਂ ਪ੍ਰਕਿਰਿਆ ਦੇ ਦੌਰਾਨ ਹਿਲਜੁਲ ਅਤੇ ਖਿੱਚ ਮਹਿਸੂਸ ਕਰ ਸਕਦੇ ਹੋ।

ਨਸ ਬਲੌਕਾਂ ਨੂੰ ਕੁਝ ਹਾਲਾਤਾਂ ਵਿੱਚ ਇੱਕ ਆਮ ਐਨੱਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਦੀ ਬਜਾਏ ਵਰਤਿਆ ਜਾ ਸਕਦਾ ਹੈ। ਇਹ ਉਹਨਾਂ ਮਰੀਜ਼ਾਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੋ ਸਕਦਾ ਹੈ ਜਿਨ੍ਹਾਂ ਦੀ ਮੈਡੀਕਲ ਸਥਿਤੀ ਉਹਨਾਂ ਨੂੰ ਆਮ ਐਨੱਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਲੈਣ 'ਤੇ ਵੱਧ ਜੋਖਮ ਵਿੱਚ ਪਾਉਂਦੀ ਹੈ। ਨਸ ਬਲੌਕ ਦੇ ਅਧੀਨ ਸਰਜਰੀ ਕਰਵਾਉਣ ਦਾ ਇੱਕ ਹੋਰ ਫਾਇਦਾ ਇਹ ਹੈ ਕਿ ਇਹ ਇੱਕ ਆਮ ਐਨੱਸਥੈਟਿਕ ਨਾਲ ਸੰਬੰਧਿਤ ਕੁਝ ਜਟਿਲਤਾਵਾਂ ਤੋਂ ਘੱਟ ਜੋਖਮ ਰੱਖਦਾ ਹੈ।

ਸਰਜਰੀ ਤੋਂ ਬਾਅਦ ਦਰਦ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ ਇੱਕ ਨਸ ਬਲੌਕ ਨੂੰ ਇੱਕ ਆਮ ਐਨੱਸਥੈਟਿਕ ਨਾਲ ਇਕੱਠੇ ਵੀ ਜੋੜਿਆ ਜਾ ਸਕਦਾ ਹੈ। ਇਹ ਸਰਜਰੀ ਤੋਂ ਬਾਅਦ 24 ਘੰਟਿਆਂ ਤੱਕ ਦਰਦ ਤੋਂ ਰਾਹਤ ਪ੍ਰਦਾਨ ਕਰ ਸਕਦਾ ਹੈ, ਹਾਲਾਂਕਿ ਕੁਝ ਖੇਤਰ 48 ਘੰਟਿਆਂ ਤੱਕ ਸੁੰਨ ਮਹਿਸੂਸ ਕਰ ਸਕਦੇ ਹਨ।

ਆਪਰੇਸ਼ਨ ਦੇ ਦੌਰਾਨ ਤਣਾਅ ਘਟਾਉਣ ਅਤੇ ਨੀਂਦ ਲਿਆਉਣ ਲਈ ਅਕਸਰ ਨਸ ਬਲੌਕ ਦੇ ਨਾਲ ਸਿਡੇਸ਼ਨ (ਬੇਹੋਸ਼ੀ ਦੀ ਦਵਾਈ) ਦੀ ਵਰਤੋਂ ਕੀਤੀ ਜਾਂਦੀ ਹੈ। ਸਿਡੇਸ਼ਨ ਹਲਕੀ ਜਾਂ ਡੂੰਘੀ ਹੋ ਸਕਦੀ ਹੈ ਅਤੇ ਤੁਹਾਨੂੰ ਸਿਡੇਸ਼ਨ ਦੇ ਬਾਅਦ ਸਭ ਕੁਝ, ਕੁਝ ਕੁ ਜਾਂ ਕੁਝ ਵੀ ਨਹੀਂ ਯਾਦ ਰਹਿ ਸਕਦਾ ਹੈ। ਤੁਸੀਂ ਸਾਡੇ ਲੀਫਲੈਟ ਬੇਹੋਸ਼ੀ (ਸਿਡੇਸ਼ਨ) ਦੀ ਵਿਆਖਿਆ ਵਿੱਚ ਸਿਡੇਸ਼ਨ ਬਾਰੇ ਹੋਰ ਪੜ੍ਹ ਸਕਦੇ ਹੋ ਜੋ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਇੱਥੇ ਉਪਲਬਧ ਹੈ: www.rcoa.ac.uk/patientinfo/translations#languages

ਤੁਹਾਡਾ ਐਨੱਸਥੀਟਿਸਟ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ਕਿ ਇਹਨਾਂ ਵਿੱਚੋਂ ਕਿਹੜਾ ਵਿਕਲਪ ਤੁਹਾਡੇ ਅਤੇ ਤੁਹਾਡੇ ਆਪਰੇਸ਼ਨ ਲਈ ਸਭ ਤੋਂ ਵਧੀਆ ਰਹੇਗਾ।

### ਪੈਰਿਫ਼ਿਰਲ ਨਸ ਬਲੌਕ ਦੇ ਲਾਭ

- ਸਰਜਰੀ ਦੇ ਬਾਅਦ ਦਰਦ ਤੋਂ ਬਿਹਤਰ ਰਾਹਤ।
- ਸਰਜਰੀ ਤੋਂ ਤੁਰੰਤ ਬਾਅਦ ਦੀ ਮਿਆਦ ਵਿੱਚ ਓਪੀਔਡ ਵਾਲੇ ਦਰਦ ਨਿਵਾਰਕਾਂ ਦੀ ਘੱਟ ਲੋੜ। ਇਨ੍ਹਾਂ ਕਰਕੇ ਤੁਹਾਨੂੰ ਕਚਿਆਣ ਹੋ ਸਕਦੀ ਹੈ ਅਤੇ ਇਹ ਤੁਹਾਨੂੰ ਕਬਜ਼ ਕਰ ਸਕਦੀਆਂ ਹਨ। ਜੇ ਤੁਸੀਂ ਇਹ ਦਵਾਈਆਂ ਲੰਬੇ ਸਮੇਂ ਲਈ ਲੈਂਦੇ ਹੋ ਤਾਂ ਵਧੇਰੇ ਟਾਵੇਂ ਮਾਮਲਿਆਂ ਵਿੱਚ ਇਨ੍ਹਾਂ ਦੀ ਆਦਤ ਪੈ ਜਾਣ ਦਾ ਖਤਰਾ ਹੁੰਦਾ ਹੈ।
- ਸੁੰਨ ਕਰਨ ਵਾਲੀ ਆਮ ਐਨੱਸਥੈਟਿਕ ਤੋਂ ਗੁਰੇਜ਼ ਕਰਨਾ, ਇਸਦੇ ਜੋਖਮਾਂ ਅਤੇ ਮਾੜੇ ਪ੍ਰਭਾਵਾਂ ਸਮੇਤ। ਸੁੰਨ ਕਰਨ ਵਾਲੀ ਆਮ ਐਨੱਸਥੈਟਿਕ ਦੇ ਸਧਾਰਨ ਮਾੜੇ ਪ੍ਰਭਾਵਾਂ ਵਿੱਚ ਕਚਿਆਣ, ਗਲਾ ਪਕਣਾ ਅਤੇ ਘੂਕੀ ਸ਼ਾਮਲ ਹਨ।
- ਮੁਕਾਬਲਤਨ ਛੇਤੀ ਉੱਠ ਪੈਣ ਅਤੇ ਤੁਰਨ-ਫਿਰਨ ਯੋਗ ਹੋਣਾ ਅਤੇ ਹਸਪਤਾਲ ਤੋਂ ਵਧੇਰੇ ਛੇਤੀ ਚਲੇ ਜਾਣਾ।

## ਪ੍ਰੀ-ਓਪਰੇਟਿਵ ਅਸੈਸਮੈਂਟ ਕਲੀਨਿਕ (ਪੂਰਵ-ਮੁਲਾਂਕਣ)

ਜੇ ਤੁਹਾਡਾ ਪਲਾਨ ਕੀਤਾ ਹੋਇਆ ਆਪਰੇਸ਼ਨ ਹੋ ਰਿਹਾ ਹੈ ਤਾਂ ਤੁਹਾਨੂੰ ਤੁਹਾਡੀ ਸਰਜਰੀ ਤੋਂ ਕੁਝ ਹਫ਼ਤੇ ਜਾਂ ਦਿਨ ਪਹਿਲਾਂ ਆਪਰੇਸ਼ਨ-ਤੋਂ-ਪਹਿਲਾਂ-ਮੁਲਾਂਕਣ ਵਾਲੇ ਕਲੀਨਿਕ ਵਿੱਚ ਸੱਦਿਆ ਜਾ ਸਕਦਾ ਹੈ। ਕਈ ਵਾਰੀ, ਬਹੁਤੀ ਛੋਟੀ-ਮੋਟੀ ਸਰਜਰੀ ਦੇ ਲਈ, ਕੋਈ ਨਰਸ ਤੁਹਾਡੇ ਤੋਂ ਕੁਝ ਸਵਾਲ ਪੁੱਛਣ ਦੇ ਲਈ ਟੈਲੀਫ਼ੋਨ ਕਾਲ ਦਾ ਪ੍ਰਬੰਧ ਕਰੇਗੀ।

ਕਿਰਪਾ ਕਰਕੇ ਆਪਣੇ ਨਾਲ ਲਿਆਓ (ਜਾਂ ਫ਼ੋਨ ਕਾਲ ਲਈ ਉਪਲਬਧ ਰੱਖੋ):

- ਤੁਹਾਡੀਆਂ ਮੌਜੂਦਾ ਦਵਾਈਆਂ ਦੀ ਸੂਚੀ ਜਾਂ ਤੁਹਾਡੀਆਂ ਦਵਾਈਆਂ ਉਹਨਾਂ ਦੀ ਪੂਰੀ ਪੈਕੇਜਿੰਗ ਵਿੱਚ
- ਜੇਕਰ ਤੁਸੀਂ ਆਪਣੇ ਖ਼ੂਨ ਨੂੰ ਪਤਲਾ ਕਰਨ ਲਈ ਕੋਈ ਦਵਾਈਆਂ ਲੈਂਦੇ ਹੋ, ਤਾਂ ਇਹ ਜ਼ਰੂਰੀ ਹੈ ਕਿ ਪੂਰਵ-ਮੁਲਾਂਕਣ ਟੀਮ ਇਸ ਬਾਰੇ ਜਾਣਦੀ ਹੈ ਤਾਂ ਜੋ ਉਹ ਇਸ ਬਾਰੇ ਚਰਚਾ ਕਰ ਸਕਣ ਕਿ ਕੀ ਤੁਹਾਨੂੰ ਆਪਣੀ ਸਰਜਰੀ ਤੋਂ ਪਹਿਲਾਂ ਇਹਨਾਂ ਦਵਾਈਆਂ ਨੂੰ ਬੰਦ ਕਰਨ ਦੀ ਲੋੜ ਹੈ।
- ਹੋਰ ਹਸਪਤਾਲਾਂ ਵਿੱਚ ਹੋਏ ਟੈਸਟਾਂ ਅਤੇ ਇਲਾਜਾਂ ਬਾਰੇ ਤੁਹਾਡੇ ਕੋਲ ਜੋ ਵੀ ਜਾਣਕਾਰੀ ਹੋਵੇ
- ਐਨੱਸਥੈਟਿਕ / ਸੁੰਨ ਕਰਨ ਵਾਲੀ ਦਵਾਈ ਨਾਲ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਹੋਣ ਵਾਲੀ ਕਿਸੇ ਵੀ ਸਮੱਸਿਆ ਬਾਰੇ ਜਾਣਕਾਰੀ
- ਕੋਈ ਤਾਜ਼ਾ ਬਲੱਡ ਪ੍ਰੈਸ਼ਰ ਮਾਪ।

ਹੋ ਸਕਦਾ ਹੈ ਕਿ ਕਲੀਨਿਕ ਵਿਖੇ ਤੁਹਾਡੀ ਮੁਲਾਕਾਤ ਕਿਸੇ ਐਨੱਸਥੀਟਿਸਟ ਨਾਲ ਹੋਵੇ। ਨਹੀਂ ਤਾਂ ਤੁਸੀਂ ਆਪਣੇ ਐਨੱਸਥੀਟਿਸਟ ਨੂੰ ਆਪਣੀ ਸਰਜਰੀ ਵਾਲੇ ਦਿਨ ਹਸਪਤਾਲ ਵਿੱਚ ਮਿਲੋਗੇ।

## ਆਪਰੇਸ਼ਨ ਵਾਲੇ ਦਿਨ

ਹਸਪਤਾਲ ਨੂੰ ਤੁਹਾਨੂੰ ਖਾਣ-ਪੀਣ ਅਤੇ ਤੁਹਾਡੀ ਦਵਾਈ ਲੈਣ ਬਾਰੇ ਸਪਸ਼ਟ ਨਿਰਦੇਸ਼ ਦੇਣੇ ਚਾਹੀਦੇ ਹਨ। ਇਹਨਾਂ ਹਦਾਇਤਾਂ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ।

### ਨਸ ਬਲੌਕ ਨੂੰ ਸ਼ੁਰੂ ਕਰਨਾ

ਤੁਹਾਨੂੰ ਆਮ ਤੌਰ 'ਤੇ ਨਸ ਬਲੌਕ ਲਗਵਾਉਣ ਲਈ ਆਪਰੇਟਿੰਗ ਥੀਏਟਰ ਜਾਂ ਐਨੱਸਥੈਟਿਕ ਕਮਰੇ ਵਿੱਚ ਲਿਜਾਇਆ ਜਾਵੇਗਾ। ਨਿਗਰਾਨੀ ਉਪਕਰਣ ਜੁੜੇ ਹੋਣਗੇ ਤਾਂ ਜੋ ਟੀਮ ਸਾਰੀ ਪ੍ਰਕਿਰਿਆ ਦੌਰਾਨ ਤੁਹਾਡੀ ਸਥਿਤੀ ਦੀ ਨਿਗਰਾਨੀ ਕਰ ਸਕੇ।

ਟੀਕੇ ਦੇ ਆਲੇ-ਦੁਆਲੇ ਵਾਲੀ ਚਮੜੀ ਨੂੰ ਸਾਫ਼ ਕੀਤਾ ਜਾਵੇਗਾ ਅਤੇ ਤੁਹਾਡੀ ਚਮੜੀ ਨੂੰ ਸੁੰਨ ਕਰਨ ਲਈ ਸਥਾਨਕ ਐਨੱਸਥੈਟਿਕ (ਲੋਕਲ ਸੁੰਨ ਕਰਨ ਵਾਲੀ ਦਵਾਈ) ਦਾ ਛੋਟਾ ਜਿਹਾ ਟੀਕਾ ਵਰਤਿਆ ਜਾਵੇਗਾ – ਜਦੋਂ ਇਹ ਟਿਸ਼ੂਆਂ ਵਿੱਚ ਦਾਖਲ ਹੁੰਦਾ ਹੈ ਤਾਂ ਥੋੜ੍ਹੀ ਜਿਹੀ ਚੁਭਨ ਹੁੰਦੀ ਹੈ।

ਚਮੜੀ ਦੇ ਸੁੰਨ ਹੋਣ ਤੋਂ ਬਾਅਦ, ਨਸਾਂ ਨੂੰ ਬਲੌਕ ਕਰਨ ਲਈ ਇੱਕ ਵੱਖਰੀ ਸੂਈ ਵਰਤੀ ਜਾਂਦੀ ਹੈ। ਐਨੱਸਥੀਟਿਸਟ ਅਲਟ੍ਰਾਸਾਊਂਡ ਮਸ਼ੀਨ ਦੀ ਵੀ ਵਰਤੋਂ ਕਰੇਗਾ ਇਹ ਦੇਖਣ ਲਈ ਕਿ ਨਸਾਂ ਕਿੱਥੇ ਹਨ ਅਤੇ ਐਨੱਸਥੈਟਿਕ (ਸੁੰਨ / ਬੇਹੋਸ਼ ਕਰਨ ਵਾਲੀ ਦਵਾਈ) ਨੂੰ ਸਹੀ ਥਾਂ 'ਤੇ ਲਗਾਏਗਾ।

ਬਹੁਤੇ ਲੋਕ ਮੰਨਦੇ ਹਨ ਕਿ ਟੀਕੇ ਕੈਨਿਊਲਾ (ਖ਼ੂਨ ਦੀਆਂ ਨਾੜੀਆਂ ਵਿੱਚ ਪਾਈ ਗਈ ਇੱਕ ਪਤਲੀ ਪਲਾਸਟਿਕ ਦੀ ਟਿਊਬ) ਨਾਲੋਂ ਕੋਈ ਜ਼ਿਆਦਾ ਦਰਦਨਾਕ ਨਹੀਂ ਹਨ।

ਅੰਤ ਵਿੱਚ ਭਾਰੀ ਅਤੇ ਸੁੰਨ ਮਹਿਸੂਸ ਕਰਨ ਤੋਂ ਪਹਿਲਾਂ ਤੁਹਾਡੇ ਸਰੀਰ ਦਾ ਹਿੱਸਾ ਗਰਮ ਅਤੇ ਝਰਨਾਹਟ ਮਹਿਸੂਸ ਕਰਨਾ ਸ਼ੁਰੂ ਕਰ ਦੇਵੇਗਾ। ਟੀਕਾ ਆਮ ਤੌਰ 'ਤੇ ਅਸਰ ਕਰਨ ਵਿੱਚ 20 ਤੋਂ 40 ਮਿੰਟਾਂ ਤਕ ਦਾ ਸਮਾਂ ਲੈਂਦਾ ਹੈ। ਐਨੱਸਥੀਟਿਸਟ ਤੁਹਾਡੇ ਦੁਆਰਾ ਵੱਖ-ਵੱਖ ਥਾਵਾਂ 'ਤੇ ਮਹਿਸੂਸ ਕੀਤੀਆਂ ਜਾ ਰਹੀਆਂ ਝਰਨਾਹਟਾਂ ਦੀ ਜਾਂਚ ਕਰੇਗਾ। ਤੁਹਾਨੂੰ ਥੀਏਟਰ ਵਿਚ ਉਦੋਂ ਤੱਕ ਨਹੀਂ ਲਿਜਾਇਆ ਜਾਵੇਗਾ ਜਦੋਂ ਤਕ ਐਨੱਸਥੀਟਿਸਟ ਨੂੰ ਇਸ ਗੱਲ ਦੀ ਤਸੱਲੀ ਨਹੀਂ ਹੁੰਦੀ ਕਿ ਬਲੌਕ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ।

ਜੇ ਬਲੌਕ ਪੂਰੀ ਤਰ੍ਹਾਂ ਕੰਮ ਨਹੀਂ ਕਰਦਾ, ਤਾਂ ਤੁਹਾਨੂੰ ਵਧੇਰੇ ਸਥਾਨਕ ਐਨੱਸਥੈਟਿਕ (ਲੋਕਲ ਸੁੰਨ ਕਰਨ ਵਾਲੀ ਦਵਾਈ), ਦਰਦ ਤੋਂ ਵਧੇਰੇ ਰਾਹਤ ਜਾਂ ਸੁੰਨ ਕਰਨ ਵਾਲੀ ਕੋਈ ਆਮ ਐਨੱਸਥੈਟਿਕ ਦੇਣ ਦੀ ਪੇਸ਼ਕਸ਼ ਕੀਤੀ ਜਾਵੇਗੀ।

## ਆਪਰੇਸ਼ਨ ਦੌਰਾਨ

ਇਕ ਸਕ੍ਰੀਨ ਨੂੰ ਅਜਿਹੇ ਢੰਗ ਦੇ ਨਾਲ ਰੱਖਿਆ ਜਾਵੇਗਾ ਕਿ ਤੁਸੀਂ ਸਰਜਰੀ ਹੁੰਦੇ ਹੋਏ ਨਾ ਦੇਖ ਸਕੋ।

ਤੁਸੀਂ ਸਰਜਰੀ ਦੇ ਦੌਰਾਨ ਹੈੱਡਫੋਨ ਨਾਲ ਆਪਣੀ ਡਿਵਾਈਸ 'ਤੇ ਆਪਣਾ ਖੁਦ ਦਾ ਸੰਗੀਤ ਸੁਣਨ ਦੇ ਯੋਗ ਹੋ ਸਕਦੇ ਹੋ – ਤੁਹਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਕੀ ਇਹ ਸੰਭਵ ਹੈ।

ਆਪਰੇਟਿੰਗ ਥੀਏਟਰ ਬਹੁਤ ਰੁਝੇਵੇਂ ਭਰੀ ਜਗ੍ਹਾ ਹੁੰਦਾ ਹੈ – ਥੀਏਟਰ ਵਿੱਚ ਆਮ ਤੌਰ 'ਤੇ ਪੰਜ ਤੋਂ ਅੱਠ ਵਿਅਕਤੀ ਹੋਣਗੇ, ਹਰੇਕ ਦੀ ਤੁਹਾਡੀ ਦੇਖਭਾਲ ਵਿੱਚ ਮਦਦ ਕਰਨ ਵਿੱਚ ਆਪੋ-ਆਪਣੀ ਭੂਮਿਕਾ ਹੋਵੇਗੀ। ਤੁਹਾਡੀ ਐਨੱਸਥੈਟਿਕ (ਸੁੰਨ/ਬੇਹੋਸ਼)ਕਰਨ ਵਾਲੀ ਟੀਮ ਦਾ ਇਕ ਮੈਂਬਰ ਪੂਰੀ ਸਰਜਰੀ ਦੇ ਦੌਰਾਨ ਤੁਹਾਡੇ ਨਾਲ ਰਹੇਗਾ ਅਤੇ ਕਈ ਵਾਰੀ ਟੀਮ ਦੇ ਦੂਜੇ ਮੈਂਬਰ ਵੀ ਤੁਹਾਡੇ ਨਾਲ ਗੱਲ ਕਰ ਸਕਦੇ ਹਨ ਅਤੇ ਤੁਹਾਡੀ ਦੇਖਭਾਲ ਵਿੱਚ ਮਦਦ ਕਰ ਸਕਦੇ ਹਨ।

ਜੇ ਤੁਸੀਂ ਸਿਡੇਸ਼ਨ (ਬੇਹੋਸ਼ੀ ਦੀ ਦਵਾਈ) ਲੈ ਰਹੇ ਹੋ, ਤਾਂ ਤੁਸੀਂ ਪ੍ਰਭਾਵ ਅਧੀਨ ਸ਼ਾਂਤ ਅਤੇ ਨਿੰਦਰਾਏ ਜਿਹੇ ਹੋਵੋਗੇ। ਤੁਹਾਨੂੰ ਪਲਾਸਟਿਕ ਦੇ ਹਲਕੇ ਫ਼ੇਸਮਾਸਕ ਦੇ ਰਾਹੀਂ ਆਕਸੀਜਨ ਦਿੱਤੀ ਜਾਵੇਗੀ। ਤੁਹਾਨੂੰ ਓਪਰੇਟਿੰਗ ਥੀਏਟਰ ਵਿੱਚ ਹੋਣ ਸਬੰਧੀ ਯਾਦਾਂ ਹੋ ਸਕਦੀਆਂ ਹਨ, ਹਾਲਾਂਕਿ ਹੋ ਸਕਦਾ ਹੈ ਕਿ ਇਹ ਸ਼ਾਇਦ ਧੁੰਦਲੀਆਂ ਜਿਹੀਆਂ ਹੀ ਹੋਣ।

ਬੇਹੋਸ਼ੀ (ਸਿਡੇਸ਼ਨ) ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡਾ ਪਰਚਾਬੇਹੋਸ਼ੀ (ਸਿਡੇਸ਼ਨ)ਦੀ ਵਿਆਖਿਆ ਵੇਖੋ ਜੋ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਇੱਥੇ ਉਪਲਬਧ ਹੈ: www.rcoa.ac.uk/patientinfo/translations#languages

## ਆਪਰੇਸ਼ਨ ਤੋਂ ਬਾਅਦ

ਨਾੜੀ / ਨਸ ਬਲੌਕ ਦਾ ਪ੍ਰਭਾਵ 48 ਘੰਟਿਆਂ ਤੱਕ ਰਹਿ ਸਕਦਾ ਹੈ। ਇਸ ਸਮੇਂ ਦੌਰਾਨ ਸਰੀਰ ਦੇ ਜਿਸ ਹਿੱਸੇ ਨੂੰ ਬੇਹੋਸ਼ ਜਾਂ ਸੁੰਨ ਕੀਤਾ ਗਿਆ ਹੈ, ਉਹ ਬਹੁਤ ਭਾਰਾ ਮਹਿਸੂਸ ਕਰੇਗਾ ਅਤੇ ਜਦੋਂ ਤੱਕ ਤੁਹਾਡੀਆਂ ਮਾਸਪੇਸ਼ੀਆਂ ਦੁਬਾਰਾ ਕੰਮ ਕਰਨਾ ਸ਼ੁਰੂ ਨਹੀਂ ਕਰਦੀਆਂ, ਉਦੋਂ ਤੱਕ ਸਹਾਰਾ ਲੈਣ ਦੀ ਲੋੜ ਪਵੇਗੀ। ਸਰਜਰੀ ਤੋਂ ਤੁਹਾਡੀ ਰਿਕਵਰੀ ਦੇ ਦੌਰਾਨ, ਹੋ ਸਕਦਾ ਹੈ ਕਿ ਤੁਹਾਨੂੰ ਰੋਜ਼ਮਰ੍ਹਾ ਦੇ ਕੰਮਾਂ ਨੂੰ ਪੂਰਾ ਕਰਨ ਵਿੱਚ ਮਦਦ ਲਈ ਕਿਸੇ ਦੀ ਲੋੜ ਪਵੇ।

ਜਿਵੇਂ ਜਿਵੇਂ ਨਸ / ਨਰਵ ਬਲਾਕ ਦਾ ਅਸਰ ਖਤਮ ਹੁੰਦਾ ਹੈ ਤੁਹਾਨੂੰ ਆਪਣੀਆਂ ਹੱਥਾਂ ਜਾਂ ਪੈਰਾਂ ਦੀਆਂ ਉਂਗਲਾਂ ਵਿੱਚ ਚੁਭਵਾਂ ਦਰਦ ਮਹਿਸੂਸ ਹੋ ਸਕਦਾ ਹੈ। ਇਹ ਬਿਲਕੁਲ ਆਮ ਗੱਲ ਹੈ।

## ਘਰ ਵਿੱਚ ਬਾਅਦ ਦੀ ਦੇਖਭਾਲ

ਘਰ ਜਾਣ ਤੋਂ ਪਹਿਲਾਂ ਤੁਹਾਨੂੰ ਜਾਣਕਾਰੀ ਦਿੱਤੀ ਜਾਵੇਗੀ ਜੋ ਘਰ ਵਿੱਚ ਤੁਹਾਡੀ ਰਿਕਵਰੀ ਵਿੱਚ ਮਦਦ ਕਰੇਗੀ। ਜਦੋਂ ਤੁਸੀਂ ਘਰ ਵਾਪਸ ਆਉਂਦੇ ਹੋ, ਤੁਹਾਨੂੰ ਕੋਈ ਵੀ ਦਿੱਤਾ ਗਿਆ ਸਹਾਇਕ ਵਰਤਣਾ ਚਾਹੀਦਾ ਹੈ। ਇਹ ਇਸ ਲਈ ਹੈ ਕਿਉਂਕਿ ਸਰਜਰੀ ਵਾਲੀ ਥਾਂ ਵਿੱਚ ਤੁਹਾਡੀ ਮਹਿਸੂਸ ਕਰਨ ਜਾਂ ਛੂਹਣ ਦੀ ਯੋਗਤਾ ਨਹੀਂ ਹੋਵੇਗੀ, ਅਤੇ ਜ਼ਖਮੀ ਹੋਣਾ ਸੌਖਾ ਹੋ ਸਕਦਾ ਹੈ। ਇਹ ਸੁੰਨਤਾ ਆਮ ਤੌਰ 'ਤੇ 48 ਘੰਟਿਆਂ ਤੱਕ ਰਹਿ ਸਕਦੀ ਹੈ।

- ਸੇਕ ਦੇ ਸਰੋਤਾਂ ਦੇ ਆਲੇ-ਦੁਆਲੇ ਖਾਸ ਕਰਕੇ ਧਿਆਨ ਰੱਖੋ, ਜਿਵੇਂ ਕਿ ਅੱਗ ਜਾਂ ਰੇਡੀਏਟਰ। ਜਦੋਂ ਸਰੀਰ ਦਾ ਅੰਗ ਸੁੰਨ ਹੁੰਦਾ ਹੈ ਤਾਂ ਤੁਹਾਨੂੰ ਸੇਕ ਮਹਿਸੂਸ ਨਹੀਂ ਹੁੰਦਾ ਅਤੇ ਤੁਸੀਂ ਆਪਣੇ ਆਪ ਨੂੰ ਸਾੜ ਸਕਦੇ ਹੋ।
- ਕਿਸੇ ਵੀ ਮਸ਼ੀਨਰੀ ਜਾਂ ਘਰੇਲੂ ਉਪਕਰਨਾਂ, ਜਿਵੇਂ ਕੇਤਲੀਆਂ, ਕੱਪੜੇ ਇਸਤਰੀ ਅਤੇ ਖਾਣਾ ਪਕਾਉਣ ਵਾਲੇ ਉਪਕਰਣਾਂ ਦੀ ਵਰਤੋਂ ਕਰਨ ਤੋਂ ਬਚੋ।

- ਹਸਪਤਾਲ ਦੁਆਰਾ ਦਿੱਤੀ ਹਿਦਾਇਤ ਦੇ ਅਨੁਸਾਰ ਅਤੇ ਬਲੌਕ ਦਾ ਅਸਰ ਖਤਮ ਹੋਣ ਤੋਂ ਪਹਿਲਾਂ ਆਪਣੀਆਂ ਦਰਦ ਨਿਵਾਰਕ ਦਵਾਈਆਂ ਲੈਣੀਆਂ ਸ਼ੁਰੂ ਕਰ ਦਿਓ। ਇਹ ਮਹੱਤਵਪੂਰਨ ਹੈ ਕਿਉਂਕਿ ਨਰਵ ਬਲਾਕ ਦਾ ਪ੍ਰਭਾਵ ਅਚਾਨਕ ਬੰਦ ਹੋ ਸਕਦਾ ਹੈ।

### ਮਦਦ ਕਦੋਂ ਮੰਗਣੀ ਹੈ

ਤੁਹਾਨੂੰ ਐਮਰਜੈਂਸੀ ਡਾਕਟਰੀ ਸੇਵਾਵਾਂ ਤੋਂ ਮਦਦ ਲੈਣ ਦੀ ਜ਼ਰੂਰਤ ਹੋਵੇਗੀ ਜੇ:

- ਤੁਹਾਨੂੰ ਬਗੈਰ ਕਿਸੇ ਸਪਸ਼ਟ ਕਾਰਨ ਸਾਹ ਫੁਲਦਾ ਮਹਿਸੂਸ ਹੁੰਦਾ ਹੈ।
- ਤੁਹਾਨੂੰ ਤਿੱਖਾ ਦਰਦ ਮਹਿਸੂਸ ਹੁੰਦਾ ਹੈ ਜੋ ਤੁਹਾਡੀਆਂ ਦਰਦ ਨਿਵਾਰਕ ਗੋਲੀਆਂ ਨਾਲ ਕੰਟਰੋਲ ਵਿੱਚ ਨਹੀਂ ਆਉਂਦਾ।

ਜੇ ਆਪਰੇਸ਼ਨ ਦੇ ਦੋ ਦਿਨਾਂ ਮਗਰੋਂ ਬਲਾਕ ਦਾ ਅਸਰ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ ਤਾਂ ਤੁਹਾਨੂੰ ਆਪਣੇ ਡਿਸਚਾਰਜ ਸਬੰਧੀ ਦਸਤਾਵੇਜ਼ਾਂ 'ਤੇ ਦਿੱਤੇ ਨੰਬਰ 'ਤੇ ਕਾਲ ਕਰਕੇ ਐਨੱਸਥੈਟਿਕ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਨਸ / ਨਰਵ ਬਲੌਕਾਂ ਬਾਰੇ ਹੋਰ ਜਾਣਕਾਰੀ

RA-UK, ਖੇਤਰੀ ਐਨੱਸਥੀਜ਼ੀਆ ਲਈ ਮਾਹਰ ਸਮਾਜ, ਨੇ ਨਰਵ ਬਲੌਕਾਂ ਦੇ ਮਰੀਜ਼ਾਂ ਲਈ ਇੱਕ ਜਾਣਕਾਰੀ ਭਰਪੂਰ ਵੀਡੀਓ ਤਿਆਰ ਕੀਤੀ ਹੈ: ਨਰਵ ਬਲੌਕ: ਮਰੀਜ਼ਾਂ ਲਈ ਇੱਕ ਜਾਣਕਾਰੀ ਵੀਡੀਓ
www.ra-uk.org/index.php/patient-info-video

# ਜੋਖਮ ਅਤੇ ਸਾਂਝੇ ਫੈਸਲੇ ਲੈਣਾ

ਆਧੁਨਿਕ ਐਨੱਸਥੈਟਿਕ ਦਵਾਈਆਂ, ਨਸਾਂ ਦੇ ਬਲਾਕਾਂ ਸਮੇਤ, ਬਹੁਤ ਸੁਰੱਖਿਅਤ ਹਨ। ਹਾਲਾਂਕਿ, ਨਸ / ਨਰਵ ਬਲਾਕਾਂ ਨਾਲ ਜੁੜੇ ਕੁਝ ਆਮ ਮਾੜੇ ਪ੍ਰਭਾਵ ਹਨ, ਜੋ ਅਕਸਰ ਗੰਭੀਰ ਜਾਂ ਲੰਮਾ ਚਿਰ ਰਹਿਣ ਵਾਲੇ ਨਹੀਂ ਹੁੰਦੇ ਹਨ। ਬਹੁਤ ਘੱਟ ਹੀ ਨਸ / ਨਰਵ ਬਲਾਕ ਨਾੜੀਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਇਹਨਾਂ ਜੋਖਮਾਂ ਬਾਰੇ, ਵਧੇਰੇ ਜਾਣਕਾਰੀ ਸਾਡੇ ਜੋਖਮ ਲੀਫਲੈਟ ਵਿੱਚ ਮਿਲ ਸਕਦੀ ਹੈ ਪੈਰੀਫਿਰਲ ਨਸ ਬਲੌਕ ਨਾਲ ਸੰਬੰਧਤ ਨਸ ਦਾ ਨੁਕਸਾਨ.

ਤੁਹਾਡਾ ਐਨੱਸਥੀਟਿਸਟ ਅਜਿਹੇ ਜੋਖਮਾਂ ਬਾਰੇ ਤੁਹਾਡੇ ਨਾਲ ਵਿਚਾਰ-ਚਰਚਾ ਕਰੇਗਾ, ਜੋ ਕਿ ਉਸਨੂੰ ਲੱਗਦਾ ਹੈ ਕਿ ਤੁਹਾਡੇ ਲਈ ਵਧੇਰੇ ਮਹੱਤਵਪੂਰਨ ਹੋ ਸਕਦੇ ਹਨ। ਉਹ ਸਿਰਫ਼ ਉਹਨਾਂ ਆਮ ਜੋਖਮਾਂ ਬਾਰੇ ਚਰਚਾ ਕਰਨਗੇ ਜੇਕਰ ਉਹ ਜੋਖਮ ਤੁਹਾਡੇ ਨਾਲ ਸਬੰਧਤ ਹੋਏ।

## ਸਾਂਝਾ ਫੈਸਲਾ ਲੈਣਾ

ਸਾਂਝਾ ਫੈਸਲਾ ਲੈਣਾ ਯਕੀਨੀ ਬਣਾਉਂਦਾ ਹੈ ਕਿ ਵਿਅਕਤੀਆਂ ਨੂੰ ਉਹ ਫੈਸਲੇ ਲੈਣ ਲਈ ਸਮਰਥਨ ਦਿੱਤਾ ਜਾਂਦਾ ਹੈ ਜੋ ਉਹਨਾਂ ਲਈ ਸਹੀ ਹਨ। ਇਹ ਇੱਕ ਸਹਿਯੋਗੀ ਪ੍ਰਕਿਰਿਆ ਹੈ ਜਿਸ ਦੁਆਰਾ ਇੱਕ ਡਾਕਟਰ ਇੱਕ ਮਰੀਜ਼ ਨੂੰ ਉਸਦੇ ਇਲਾਜ ਬਾਰੇ ਫੈਸਲਾ ਲੈਣ ਵਿੱਚ ਸਹਾਇਤਾ ਕਰਦਾ ਹੈ।

ਇਹ ਗੱਲਬਾਤ ਇਕੱਠੇ ਲਿਆਉਂਦੀ ਹੈ:

- ਡਾਕਟਰੀ ਮਾਹਰ ਦੀ ਮੁਹਾਰਤ, ਜਿਵੇਂ ਕਿ ਇਲਾਜ ਦੇ ਵਿਕਲਪ, ਸਬੂਤ, ਜੋਖਮ ਅਤੇ ਲਾਭ
- ਮਰੀਜ਼ ਕੀ ਜਾਣਦਾ ਹੈ: ਉਹਨਾਂ ਦੀਆਂ ਤਰਜੀਹਾਂ, ਨਿੱਜੀ ਹਾਲਾਤ, ਟੀਚੇ, ਕਦਰਾਂ-ਕੀਮਤਾਂ ਅਤੇ ਵਿਸ਼ਵਾਸ।

ਇਸ 'ਤੇ ਹੋਰ ਜਾਣੋ: www.england.nhs.uk/personalisedcare/shared-decision-making

ਇੱਥੇ ਕੁਝ ਟੂਲ ਹਨ ਜਿਨ੍ਹਾਂ ਦੀ ਵਰਤੋਂ ਤੁਸੀਂ ਆਪਣੇ ਐਨੱਸਥੀਟਿਸਟ ਜਾਂ ਪ੍ਰੀਓਪਰੇਟਿਵ ਅਸੈਸਮੈਂਟ (ਆਪ੍ਰੇਸ਼ਨ ਤੋਂ ਪਹਿਲਾਂ ਮੁਲਾਂਕਣ) ਸਟਾਫ ਨਾਲ ਆਪਣੀ ਚਰਚਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕਰ ਸਕਦੇ ਹੋ:

### ਸਮਝਦਾਰੀ ਨਾਲ ਯੂਕੇ ਬ੍ਰੈਨ ਫਰੇਮਵਰਕ ਦੀ ਚੋਣ ਕਰਨਾ

ਇਲਾਜ ਬਾਰੇ ਸਵਾਲ ਪੁੱਛਣ ਲਈ ਇਸਨੂੰ ਰੀਮਾਈਂਡਰ ਵਜੋਂ ਵਰਤੋ।
https://bit.ly/CWUK_leaflet

### NHS ਤਿੰਨ ਸਵਾਲ ਪੁੱਛੋ

ਤੁਹਾਡੀ ਸਿਹਤ ਦੇਖ-ਰੇਖ ਬਾਰੇ ਚੋਣ ਕਰਨ ਲਈ ਵਿਕਲਪ ਹੋ ਸਕਦੇ ਹਨ।
https://bit.ly/NHS_A3Qs

### ਪੇਰੀਓਪਰੇਟਿਵ ਕੇਅਰ ਲਈ ਕੇਂਦਰ (CPOC)

CPOC ਨੇ ਸਾਂਝੇ ਫੈਸਲੇ ਲੈਣ ਦੀ ਵਿਆਖਿਆ ਕਰਨ ਲਈ ਇੱਕ ਐਨੀਮੇਸ਼ਨ ਤਿਆਰ ਕੀਤੀ ਹੈ।
www.cpoc.org.uk/shared-decision-making

## ਸਵਾਲ ਜੋ ਤੁਸੀਂ ਪੁੱਛਣਾ ਪਸੰਦ ਕਰ ਸਕਦੇ ਹੋ

ਜੇਕਰ ਤੁਹਾਡੇ ਕੋਲ ਆਪਣੀ ਐਨੱਸਥੈਟਿਕ (ਬੇਹੋਸ਼ ਕਰਨ ਵਾਲੀ ਦਵਾਈ) ਬਾਰੇ ਕੋਈ ਸਵਾਲ ਹਨ, ਤਾਂ ਉਹਨਾਂ ਨੂੰ ਲਿਖੋ (ਤੁਸੀਂ ਹੇਠਾਂ ਦਿੱਤੀਆਂ ਉਦਾਹਰਣਾਂ ਦੀ ਵਰਤੋਂ ਕਰ ਸਕਦੇ ਹੋ ਅਤੇ ਹੇਠਾਂ ਦਿੱਤੀ ਜਗ੍ਹਾ ਵਿੱਚ ਆਪਣੀ ਖੁਦ ਦੀ ਉਦਾਹਰਣ ਜੋੜ ਸਕਦੇ ਹੋ)। ਜੇ ਤੁਸੀਂ ਆਪਣੇ ਆਪਰੇਸ਼ਨ ਦੇ ਦਿਨ ਤੋਂ ਪਹਿਲਾਂ ਐਨੱਸਥੀਟਿਸਟ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਆਪ੍ਰੇਸ਼ਨ ਤੋਂ ਪਹਿਲਾਂ ਮੁਲਾਂਕਣ ਵਾਲੀ ਟੀਮ (ਪ੍ਰੀਓਪਰੇਟਿਵ ਅਸੈਸਮੈਂਟ ਟੀਮ) ਨਾਲ ਸੰਪਰਕ ਕਰੋ, ਜੋ ਕਿ ਫ਼ੋਨ ਉੱਤੇ ਜਾਂ ਕਲੀਨਿਕ ਵਿੱਚ ਐਨਸਥੀਟਿਸਟ ਨਾਲ ਤੁਹਾਡੀ ਗੱਲ ਕਰਵਾ ਸਕਦੇ ਹਨ।

**1. ਕੀ ਮੈਨੂੰ ਇਸ ਕਿਸਮ ਦੀ ਸੁੰਨ ਕਰਨ ਵਾਲੀ ਐਨੱਸਥੈਟਿਕ ਦਵਾਈ ਤੋਂ ਕੋਈ ਖਾਸ ਜੋਖਮ ਹਨ?**

**2. ਕੀ ਮੈਨੂੰ ਸੁੰਨ ਕਰਨ ਵਾਲੀ ਆਮ ਐਨੱਸਥੈਟਿਕ ਦਵਾਈ ਤੋਂ ਕੋਈ ਵਧਿਆ ਹੋਇਆ ਜੋਖਮ ਹੈ?**

**3. ਜੇ ਬਲੌਕ ਕੰਮ ਨਹੀਂ ਕਰਦਾ ਤਾਂ ਕੀ ਹੋਵੇਗਾ?**

## ਬੇਦਾਅਵਾ

ਇਸ ਪਰਚੇ ਵਿੱਚ ਜਾਣਕਾਰੀ ਨੂੰ ਦਰੁਸਤ ਅਤੇ ਅੱਪ ਟੂ ਡੇਟ ਰੱਖਣ ਲਈ ਅਸੀਂ ਪੂਰਾ ਯਤਨ ਕੀਤਾ ਹੈ, ਪਰ ਅਸੀਂ ਇਸ ਦੀ ਗਾਰੰਟੀ ਨਹੀਂ ਦੇ ਸਕਦੇ ਹਾਂ। ਤੁਹਾਡੇ ਸਾਰੇ ਸਵਾਲਾਂ ਜਾਂ ਤੁਹਾਡੇ ਲਈ ਮਹੱਤਵਪੂਰਨ ਗੱਲਾਂ ਨਾਲ ਨਿਪਟਣ ਲਈ ਅਸੀਂ ਇਸ ਆਮ ਜਾਣਕਾਰੀ ਦੇ ਪੂਰਾ ਹੋਣ ਦੀ ਉਮੀਦ ਨਹੀਂ ਕਰਦੇ ਹਾਂ। ਤੁਹਾਡੇ ਕੋਲ ਮੌਜੂਦ ਆਪਣੀਆਂ ਚੋਣਾਂ ਅਤੇ ਤੁਹਾਡੇ ਕਿਸੇ ਵੀ ਫ਼ਿਕਰ ਦੇ ਬਾਰੇ ਇਸ ਪਰਚੇ ਨੂੰ ਗਾਈਡ ਵਜੋਂ ਵਰਤ ਕੇ ਆਪਣੀ ਮੈਡੀਕਲ ਟੀਮ ਨਾਲ ਚਰਚਾ ਕਰਨੀ ਚਾਹੀਦੀ ਹੈ। ਇਹ ਪਰਚੇ ਨੂੰ ਸਲਾਹ ਵਜੋਂ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸ ਨੂੰ ਕਿਸੇ ਵੀ ਕਾਰੋਬਾਰੀ ਜਾਂ ਵਪਾਰਕ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ ਹੈ। ਪੂਰੇ ਬੇਦਾਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ। (www.rcoa.ac.uk/patient-information/translations/punjabi).

ਸਾਰੇ ਅਨੁਵਾਦ ਨੂੰ Translators without Borders ਦੀ ਅਨੁਵਾਦ ਕਮਿਊਨਟੀ ਵਲੋਂ ਕੀਤੇ ਗਏ ਹਨ। ਇਹਨਾਂ ਅਨੁਵਾਦ ਦੀ ਕੁਆਲਟੀ ਨੂੰ ਜਿੰਨਾ ਵੀ ਸੰਭਵ ਹੋਵੇ ਉਲੱਥੇ ਦੇ ਦਰੁਸਤ ਹੋਣ ਲਈ ਚੈਕ ਕੀਤਾ ਗਿਆ, ਪਰ ਫੇਰ ਕੁਝ ਜਾਣਕਾਰੀ ਦੇ ਅਸ਼ੁੱਧ ਜਾਂ ਗ਼ਲਤ ਵਿਆਖਿਆ ਹੋਣ ਦਾ ਖ਼ਤਰਾ ਹੈ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਜੇ ਤੁਹਾਡੀਆਂ ਕੋਈ ਆਮ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਉਹਨਾਂ ਨੂੰ ਇੱਥੇ ਈਮੇਲ ਕਰੋ:
patientinformation@rcoa.ac.uk

**ਰੌਇਲ ਕਾਲਜ ਆਫ਼ ਐਨੱਸਥੀਟਿਸਟਸ**
ਚਰਚਿਲ ਹਾਊਸ, 35 ਰੈੱਡ ਲਾਇਨ ਸਕੁਆਇਰ, ਲੰਡਨ WC1R 4SG
020 7092 1500

## rcoa.ac.uk

### ਤੀਜਾ ਐਡੀਸ਼ਨ, ਜੂਨ 2023

ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਪਰਚੇ ਦੀ ਸਮੀਖਿਆ ਕੀਤੀ ਜਾਵੇਗੀ।

**© 2023 ਰੌਇਲ ਕਾਲਜ ਆਫ਼ ਐਨੱਸਥੀਟਿਸਟਸ**

ਇਸ ਪਰਚੇ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇਕਰ ਤੁਸੀਂ ਇਸ ਲੀਫਲੈੱਟ ਦਾ ਹਿੱਸਾ ਕਿਸੇ ਹੋਰ ਪ੍ਰਕਾਸ਼ਨ ਵਿੱਚ ਵਰਤਣਾ ਚਾਹੁੰਦੇ ਹੋ, ਤਾਂ ਢੁਕਵਾਂ ਧੰਨਵਾਦ ਦੇਣਾ ਜ਼ਰੂਰੀ ਹੈ ਅਤੇ ਲੋਗੋ,ਬ੍ਰਾਂਡਿੰਗ, ਚਿੱਤਰ ਅਤੇ ਆਈਕਨਾਂ ਨੂੰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।